# ਭਾਰਤ ਵਿੱਚ 15 ਜੁਲਾਈ, 2021 ਤੱਕ ਅਧਿਸੂਚਿਤ ਬਾਸਮਤੀ ਦੀਆਂ ਕਿਸਮਾਂ ਦੀ ਸੂਚੀ

ਝੋਨੇ ਦੀ ਕਾਸ਼ਤ ਤੋਂ ਇਲਾਵਾ, ਉੱਤਰ ਭਾਰਤ ਦੇ ਕਈ ਰਾਜਾਂ ਦੇ ਕਿਸਾਨ ਸਾਉਣੀ ਦੇ ਮੌਸਮ ਦੌਰਾਨ ਮਹਿਕਦਾਰ, ਲੰਬੇ-ਦਾਣੇ ਵਾਲੇ ਚੌਲਾਂ ਦੀ ਕਿਸਮ — ਬਾਸਮਤੀ — ਵੀ ਲਾਉਂਦੇ ਹਨ। 15 ਜੁਲਾਈ, 2021 ਤੱਕ, ਬਾਸਮਤੀ ਦੀਆਂ ਕੁੱਲ 34 ਕਿਸਮਾਂ ਨੂੰ ਬੀਜ ਅਧਿਨਿਯਮ, 1966 ਅਧੀਨ ਨੋਟੀਫਾਈ ਜਾਂ ਅਧਿਸੂਚਿਤ ਕੀਤਾ ਗਿਆ ਸੀ।

ਬੀਜ ਅਧਿਨਿਯਮ ਦੇ ਤਹਿਤ, ਪ੍ਰਮਾਣਿਤ ਬੀਜ ਸਿਰਫ ਅਧਿਸੂਚਿਤ ਜਾਂ ਐਲਾਨਸ਼ੁਦਾ ਕਿਸਮਾਂ ਦੇ ਹੀ ਪੈਦਾ ਕੀਤੇ ਜਾ ਸਕਦੇ ਹਨ। ਇਸ ਲਈ, ਪ੍ਰਮਾਣਿਤ ਬੀਜਾਂ ਦੇ ਉਤਪਾਦਨ ਲਈ ਅਧਿਸੂਚਨਾ ਲਾਜ਼ਮੀ ਹੈ। ਕਿਸਾਨਾਂ ਨੂੰ ਕਿਸਮਾਂ ਦੀ ਅਧਿਸੂਚਨਾ ਦਾ ਫ਼ਇਦਾ ਹੁੰਦਾ ਹੈ ਕਿਉਂਕਿ ਉਨ੍ਹਾਂ ਨੂੰ ਐਲਾਨਸ਼ੁਦਾ ਕਿਸਮਾਂ ਦੇ ਮਿਆਰੀ ਬੀਜ ਮਿਲਦੇ ਹਨ।

**ਬਾਸਮਤੀ ਦੀਆਂ ਅਧਿਸੂਚਿਤ ਕਿਸਮਾਂ:**

ਬਾਸਮਤੀ 217

ਬਾਸਮਤੀ 370

ਕਿਸਮ 3 (ਦੇਹਰਾਦੂਨੀ ਬਾਸਮਤੀ)

ਪੰਜਾਬ ਬਾਸਮਤੀ 1 (ਬੌਣੀ ਬਾਸਮਤੀ)

ਪੂਸਾ ਬਾਸਮਤੀ 1

ਕਸਤੂਰੀ

ਹਰਿਆਣਾ ਬਾਸਮਤੀ 1

ਮਾਹੀ ਸੁਗੰਧਾ

ਤਰੋੜੀ ਬਾਸਮਤੀ (ਐਚ ਬੀ ਸੀ 19/ਕਰਨਾਲ ਲੋਕਲ)

ਰਣਬੀਰ ਬਾਸਮਤੀ

ਬਾਸਮਤੀ 386

ਸੁਧਾਰੀ ਪੂਸਾ ਬਾਸਮਤੀ 1 (ਪੂਸਾ 1460)

ਪੂਸਾ ਬਾਸਮਤੀ 1121 (ਸੋਧ ਤੋਂ ਬਾਅਦ)

ਵੱਲਭ ਬਾਸਮਤੀ 22

ਪੂਸਾ ਬਾਸਮਤੀ 6 (ਪੂਸਾ 1401)

ਪੰਜਾਬ ਬਾਸਮਤੀ 2

ਬਾਸਮਤੀ ਸੀ ਐਸ ਆਰ 30 (ਸੋਧ ਤੋਂ ਬਾਅਦ)

ਮਾਲਵੀਆ ਬਾਸਮਤੀ ਧਨ 10-9 (ਆਈ ਈ ਟੀ 21669)

ਵੱਲਭ ਬਾਸਮਤੀ 21 (ਆਈ ਈ ਟੀ 19493)

ਪੂਸਾ ਬਾਸਮਤੀ 1509 (ਆਈ ਈ ਟੀ 21960)

ਬਾਸਮਤੀ 564

ਵੱਲਭ ਬਾਸਮਤੀ 23

ਵੱਲਭ ਬਾਸਮਤੀ 24

ਪੂਸਾ ਬਾਸਮਤੀ 1609

ਪੰਤ ਬਾਸਮਤੀ 1 (ਆਈ ਈ ਟੀ 21665)

ਪੰਤ ਬਾਸਮਤੀ 2 (ਆਈ ਈ ਟੀ 21953)

ਪੰਜਾਬ ਬਾਸਮਤੀ 3

ਪੂਸਾ ਬਾਸਮਤੀ 1637

ਪੂਸਾ ਬਾਸਮਤੀ 1728

ਪੂਸਾ ਬਾਸਮਤੀ 1718

ਪੰਜਾਬ ਬਾਸਮਤੀ 4

ਪੰਜਾਬ ਬਾਸਮਤੀ 5

ਹਰਿਆਣਾ ਬਾਸਮਤੀ 2

ਪੂਸਾ ਬਾਸਮਤੀ 1692

## ਬਾਸਮਤੀ ਦੀ ਕਾਸ਼ਤ ਦੇ ਖੇਤਰ

ਭਾਰਤ ਵਿੱਚ ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ, ਦਿੱਲੀ, ਉੱਤਰਾਖੰਡ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਬਾਸਮਤੀ ਦੀ ਕਾਸ਼ਤ ਕੀਤੀ ਜਾਂਦੀ ਹੈ।

## ਬਾਸਮਤੀ ਚੌਲ ਨਿਰਯਾਤ

ਦੁਨੀਆ ਵਿੱਚ ਭਾਰਤ ਬਾਸਮਤੀ ਚੌਲਾਂ ਦਾ ਪ੍ਰਮੁੱਖ ਨਿਰਯਾਤਾ ਹੈ। ਖੇਤੀਬਾੜੀ ਅਤੇ ਪ੍ਰੋਸੈਸਡ ਖੁਰਾਕ ਉਤਪਾਦ ਨਿਰਯਾਤ ਵਿਕਾਸ ਅਥਾਰਟੀ (ਅਪੇਡਾ) ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਭਾਰਤ ਨੇ ਵਿੱਤੀ ਸਾਲ 2020-21 (ਅਪ੍ਰੈਲ-ਮਾਰਚ) ਵਿੱਚ 46.31 ਲੱਖ ਮੀਟ੍ਰਿਕ ਟਨ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ, ਜਿਸਦੀ ਕੀਮਤ 29,849.39 ਕਰੋੜ ਰੁਪਏ ਹੈ।

2020-21 ਵਿੱਚ ਭਾਰਤੀ ਬਾਸਮਤੀ ਚੌਲਾਂ ਦੇ 10 ਸਭ ਤੋਂ ਵੱਡੇ ਆਯਾਤ ਕਰਨ ਵਾਲੇ ਦੇਸ਼ਾਂ ਵਿੱਚ ਸਊਦੀ ਅਰਬ, ਈਰਾਨ, ਇਰਾਕ, ਯਮਨ, ਸੰਯੁਕਤ ਅਰਬ ਅਮੀਰਾਤ (ਯੂ ਏ ਈ), ਸੰਯੁਕਤ ਰਾਜ ਅਮਰੀਕਾ, ਕੁਵੈਤ, ਬਰਤਾਨੀਆ, ਕਤਰ ਅਤੇ ਓਮਾਨ ਸ਼ਾਮਿਲ ਹਨ। ਅਪੇਡਾ ਦੇ ਅੰਕੜਿਆਂ ਅਨੁਸਾਰ, ਭਾਰਤ ਨੇ 2020-21 ਦੌਰਾਨ 157 ਦੇਸ਼ਾਂ ਨੂੰ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ ਸੀ।

ਅਪੇਡਾ ਦੇ ਅੰਕੜਿਆਂ ਅਨੁਸਾਰ, ਵਿੱਤੀ ਸਾਲ 2021-22 (ਅਪ੍ਰੈਲ 2021 ਤੋਂ ਫਰਵਰੀ 2022) ਵਿੱਚ ਭਾਰਤ ਨੇ 41.52 ਲੱਖ ਮੀਟ੍ਰਿਕ ਟਨ ਬਾਸਮਤੀ ਚੌਲਾਂ ਦੀ ਨਿਰਯਾਤ ਕੀਤਾ ਸੀ ਜਿਸਦੀ ਕੀਮਤ 26,850 ਕਰੋੜ ਰੁਪਏ ਹੈ।